# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 22-07-2024**

ਕੇਂਦਰ ਸਰਕਾਰ ਨੇ, ਸਰਕਾਰੀ ਮੁਲਾਜਮਾਂ ਦੇ ਰਾਸ਼ਟਰੀ ਸਵੈਮ ਸੇਵਕ ਸੰਘ - RSS ਦੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਣ ਤੋਂ ਪਾਬੰਦੀ ਹਟਾ ਦਿੱਤੀ ਏ। ਇਹ ਪਾਬੰਦੀ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਾਰਜਕਾਲ ਦੌਰਾਨ, ਨਵੰਬਰ 1966 ਵਿੱਚ ਅਮਲਾ, ਜਨਤਕ ਸ਼ਿਕਾਇਤਾਂ ਅਤੇ ਪੈਨਸ਼ਨ ਮੰਤਰਾਲੇ ਵੱਲੋਂ ਲਗਾਈ ਗਈ ਸੀ। ਭਾਰਤੀ ਜਨਤਾ ਪਾਰਟੀ ਦੇ ਸੂਚਨਾ ਤਕਨਾਲੋਜੀ ਸੈੱਲ ਦੇ ਮੁਖੀ, ਅਮਿਤ ਮਾਲਵੀਆ ਨੇ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ ਕਿ ਮੋਦੀ ਸਰਕਾਰ ਨੇ, 58 ਸਾਲ ਪਹਿਲਾਂ ਜਾਰੀ ਕੀਤੇ ਇਸ ਗੈਰ- ਸੰਵਿਧਾਨਕ ਹੁਕਮ ਨੂੰ ਵਾਪਸ ਲੈ ਲਿਆ ਏ। ਹਰਿਆਣਾ, ਹਿਮਾਚਲ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਸਮੇਤ ਕਈ ਸੂਬਾ ਸਰਕਾਰਾਂ, ਸਰਕਾਰੀ ਮੁਲਾਜਮਾਂ ਦੇ RSS ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਹੀ ਪਾਬੰਦੀ ਹਟਾ ਚੁੱਕੀਆਂ ਨੇ।

---------------------------------------------

ਇਸ ਦੌਰਾਨ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਪੰਜਾਬ ਪ੍ਰਚਾਰਕ, ਨਰੇਂਦਰ ਜੀ ਨੇ ਸਮਾਜ ਵਿੱਚ ਪਰਿਵਾਰਕ ਗਿਆਨ, ਵਾਤਾਵਰਣ ਸੁਰੱਖਿਆ, ਸਮਾਜਿਕ ਸਦਭਾਵਨਾ, ਨਾਗਰਿਕ ਫਰਜ਼ ਅਤੇ ਸਵਦੇਸ਼ੀ ਜੀਵਨ ਸ਼ੈਲੀ ਵਿਚ ਬਦਲਾਅ ਦੀ ਜਰੂਰਤ ਦੱਸੀ ਏ। ਵਿਦਿਆ ਧਾਮ, ਜਲੰਧਰ ਵਿਖੇ ਕਲ ਵਿਦਿਆ ਭਾਰਤੀ ਦੀ ਆਮ ਸਭਾ ਨੂੰ ਸੰਬੋਧਨ ਕਰਦਿਆਂ, ਉਨਾਂ ਕਿਹਾ ਕਿ ਵਿਅਕਤੀ ਚਾਹੇ ਕਿਸੇ ਵੀ ਪੰਥ ਜਾਂ ਫਿਰਕੇ ਦਾ ਹੋਵੇ, ਚਾਹੇ ਉਹ ਕਿਸੇ ਵੀ ਵਿਚਾਰਧਾਰਾ ਜਾਂ ਸਿਆਸੀ ਪਾਰਟੀ ਦਾ ਹੋਵੇ, ਇਨ੍ਹਾਂ ਪੰਜਾਂ ਵਿਸ਼ਿਆਂ 'ਤੇ ਹਰ ਕੋਈ ਸਹਿਮਤ ਹੋਵੇਗਾ। ਉਨਾਂ ਕਿਹਾ ਕਿ ਇਹ 5 ਵਿਸ਼ੇ ਸਾਰਿਆਂ ਲਈ ਬਰਾਬਰ ਫਾਇਦੇਮੰਦ ਹੋਣਗੇ ਤੇ ਇਨ੍ਹਾਂ ਰਾਹੀਂ ਵਿਆਪਕ ਤੌਰ 'ਤੇ ਸਮਾਜਿਕ ਚੇਤਨਾ ਜਗਾਉਣੀ ਏ ਅਤੇ ਇਸ ਲਈ ਵੱਖਰੇ ਕੋਰਸ ਬਣਾਉਣ ਦੀ ਬਹੁਤ ਜਰੂਰਤ ਏ। ਉਨ੍ਹਾਂ ਕਿਹਾ ਕਿ ਅਜੋਕੇ ਸਮੇਂ ਵਿੱਚ ਪਰਿਵਾਰਕ ਸਿੱਖਿਆ ਬਹੁਤ ਜ਼ਰੂਰੀ ਏ, ਕਿਓਂਕਿ ਅੱਜ ਦੇਖਿਆ ਜਾ ਰਿਹਾ ਏ ਕਿ ਆਧੁਨਿਕੀਕਰਨ ਦੇ ਨਾਂ 'ਤੇ ਆਪਣੇ ਪਰਿਵਾਰਾਂ ਦਾ ਪੱਛਮੀਕਰਨ ਹੋ

ਰਿਹਾ ਏ, ਜਿਸ ਕਾਰਨ ਅੱਜ ਪਰਿਵਾਰਾਂ ਵਿੱਚ ਫੁੱਟ ਦੇ ਹਾਲਾਤ ਪੈਦਾ ਹੋ ਰਹੇ ਨੇ, ਜਦਕਿ ਇਹ ਪਰਿਵਾਰ ਹੀ ਸਾਡੇ ਸੱਭਿਆਚਾਰ ਦਾ ਆਧਾਰ ਨੇ। ਇਸ ਮੌਕੇ ਤੇ ਮਹਾਸਭਾ ਅਤੇ ਸੰਸਕ੍ਰਿਤੀ ਬੋਧ ਪ੍ਰੋਜੈਕਟ ਦੀਆਂ ਕਿਤਾਬਾਂ ਜਾਰੀ ਕੀਤੀਆਂ ਗਈਆਂ। ਜਨਰਲ ਸਕੱਤਰ ਡਾ: ਨਵਦੀਪ ਸ਼ੇਖਰ ਨੇ, ਪਿਛਲੀ ਆਮ ਸਭਾ ਦੀ ਕਾਰਵਾਈ ਪੜ੍ਹ ਕੇ ਪ੍ਰਵਾਨਗੀ ਦੇਣ ਮਗਰੋਂ ਸੈਸ਼ਨ 2023-24 ਵਿਚ ਕਰਵਾਏ ਗਏ ਪ੍ਰੋਗਰਾਮਾਂ ਦਾ ਸੰਖੇਪ ਵੇਰਵਾ ਦਿੱਤਾ। ਦੂਜੇ ਸੈਸ਼ਨ ਵਿੱਚ ਵਿਦਿਆ ਭਾਰਤੀ ਪੰਜਾਬ ਦੀ ਨਵੀਂ ਵੈੱਬਸਾਈਟ ਅਤੇ ਸਰਵਹਿੱਤ ਸਰਲ ਪੋਰਟਲ ਦਾ ਉਦਘਾਟਨ ਕੀਤਾ ਗਿਆ। ਵਿਦਿਆ ਭਾਰਤੀ ਪੰਜਾਬ ਦੇ ਪ੍ਰਧਾਨ, ਮੇਜਰ ਜਨਰਲ ਸੁਰੇਸ਼ ਖਜੂਰੀਆ ਨੇ ਸੈਨਿਕ ਸਕੂਲ ਨਾਭਾ ਦੇ ਮੁਖੀ ਪ੍ਰਬੰਧਕ ਅਤੇ ਪ੍ਰਿੰਸੀਪਲ ਨੂੰ ਯਾਦਗਾਰੀ ਚਿੰਨ੍ਹ ਤੇ ਸੁੰਦਰ ਪੇਂਟਿੰਗ ਦੇ ਕੇ ਸਨਮਾਨਿਤ ਕੀਤਾ।

---

ਅੱਜ ਸਾਉਣ ਮਹੀਨੇ ਦਾ ਪਹਿਲਾ ਸੋਮਵਾਰ ਏ। ਦੇਸ਼ ਭਰ ਦੇ ਸ਼ਿਵ ਮੰਦਰਾਂ ਅਤੇ ਮੰਦਰਾਂ 'ਚ ਜਲਾਭਿਸ਼ੇਕ ਲਈ ਸਵੇਰ ਤੋਂ ਹੀ ਲੰਬੀਆਂ ਕਤਾਰਾਂ ਲੱਗੀਆਂ ਹੋਈਆਂ ਨੇ। ਹਰਿਦੁਆਰ ਵਿੱਚ ਸ਼ਰਧਾਲੂ ਗੰਗਾ

ਮਈਆ ਦੀ 'ਹਰਿ ਕੀ ਪੌੜੀ' ਵਿੱਚ ਪਵਿੱਤਰ ਇਸ਼ਨਾਨ ਕਰ ਰਹੇ ਨੇ । ਯਾਗਰਾਜ ਅਤੇ ਵਾਰਾਣਸੀ ਵਿੱਚ ਵੀ ਲੋਕ ਗੰਗਾ ਵਿੱਚ ਇਸ਼ਨਾਨ ਕਰਕੇ, ਭਗਵਾਨ ਸ਼ਿਵ ਦੀ ਪੂਜਾ ਕਰ ਰਹੇ ਨੇ । ਹਿਮਾਚਲ ਪ੍ਰਦੇਸ਼ ਦੇ ਬੈਜਨਾਥ ਮੰਦਰ 'ਚ ਵੀ ਲੋਕ ਪੂਜਾ ਕਰਨ ਪਹੁੰਚੇ ਨੇ । ਜਲੰਧਰ ਦੇ ਪ੍ਰਸਿੱਧ ਸ਼ਕਤੀ ਪੀਠ ਸ੍ਰੀ ਦੇਵੀ ਤਾਲਾਬ ਮੰਦਿਰ ਦੇ ਸ਼ਿਵ ਮੰਦਿਰ ਸਮੇਤ, ਪੰਜਾਬ ਭਰ ਦੇ ਸ਼ਿਵ ਮੰਦਰਾਂ ਵਿਚ ਸ਼ਰਧਾਲੂਆਂ ਦੀਆਂ ਕਤਾਰਾਂ ਲੱਗੀਆਂ ਹੋਇਆਂ ਨੇ ।

***<u>ਹੋਰ ਵੇਰਵਾ ਇਸ ਰਿਪੋਰਟ ਵਿਚ : ਡਿਸਪੈਚ: ਸੌਣ ਮਹੀਨੇ ਦੇ ਅੱਜ ਪਹਿਲੇ ਸੋਮਵਾਰ ਤੇ ਜਲੰਧਰ ਸਮੇਤ ਪੰਜਾਬ ਦੇ ਵੱਖ ਵੱਖ ਮੰਦਰਾਂ ਵਿਚ ਤੜਕਸਾਰ ਤੋਂ ਹੀ ਵੱਡੀ ਗਿਣਤੀ ਵਿਚ ਸ਼ਰਧਾਲੂ ਪਹੁੰਚ ਰਹੇ ਨੇ। ਇਹ ਸ਼ਰਧਾਲੂ ਮੰਦਰਾਂ ਵਿਚ ਭਗਵਾਨ ਸ਼ਿਵ ਭੋਲੇ ਦੀ ਪੂਰੀ ਸ਼ਰਧਾ ਤੇ ਵਿਧੀ ਵਿਧਾਨ ਨਾਲ ਪੂਜਾ ਅਰਚਨਾ ਕਰ ਰਹੇ ਨੇ। ਮੰਦਰਾਂ ਵਿਚ ਸ਼ਿਵਲਿੰਗ ਦਾ ਜਲਾਭਿਸ਼ੇਕ ਕੀਤਾ ਜਾ ਰਿਹਾ ਏ ਅਤੇ ਬਿਲਵਪਤਰ, ਧਤੂਰਾ, ਭੰਗ, ਦੁੱਧ, ਫਲ, ਫ਼ੁੱਲ, ਸ਼ਹਿਦ ਅਤੇ ਚੰਦਨ ਸ਼ਰਧਾ ਨਾਲ ਚੜ੍ਹਾਏ ਜਾ ਰਹੇ ਨੇ। ਮੰਦਰਾਂ ਵਿਚ ਸ਼ਿਵ ਭੋਲੇ</u>***

*ਦੀ ਮਹਿਮਾ ਦਾ ਗੁਣਗਾਣ ਵੀ ਲਗਾਤਾਰ ਚੱਲ ਰਿਹਾ ਏ ਅਤੇ ਮੰਦਰ ਸ਼ਿਵ ਭੋਲੇ ਦੇ ਜੈਕਾਰਿਆਂ ਨਾਲ ਗੂੰਜ ਰਹੇ ਨੇ। ਮੰਦਰਾਂ ਨੂੰ ਰੰਗ ਬਿਰੰਗੇ ਫੁੱਲਾਂ ਨਾਲ ਸ਼ਾਨਦਾਰ ਢੰਗ ਨਾਲ ਸਜਾਇਆ ਵੀ ਗਿਆ ਏ। ਕਈ ਲੋਕ ਸੌਣ ਮਹੀਨੇ ਦੇ ਸੋਮਵਾਰ ਦੇ ਵਰਤ ਵੀ ਰੱਖਦੇ ਨੇ।*

---------------------------------------------------------

ਖੰਨਾ ਪੁਲਿਸ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਪ੍ਰਤੀ ਜਾਗਰੂਕ ਕਰਨ ਅਤੇ ਉਨ੍ਹਾਂ ਨੂੰ ਖੇਡ ਗਤੀਵਿਧੀਆਂ ਵਿੱਚ ਸ਼ਾਮਲ ਕਰਨ ਦੇ ਉਦੇਸ਼ ਨਾਲ, ਦੋ ਰੋਜ਼ਾ ਫੁੱਟਬਾਲ ਟੂਰਨਾਮੈਂਟ ਕਰਵਾਇਆ ਗਿਆ। ਸਮਾਪਤੀ ਸਮਾਗਮ ਮੌਕੇ ਐਸ.ਐਸ.ਪੀ. ਅਮਨੀਤ ਕੋਂਡਲ ਨੇ ਕਿਹਾ ਕਿ ਪੁਲਿਸ ਵੱਲੋਂ ਪਹਿਲਾਂ ਹੀ ਨਸ਼ਿਆਂ ਦੇ ਖਿਲਾਫ ਸ਼ਿਕੰਜਾ ਕੱਸਿਆ ਗਿਆ ਏ ਅਤੇ ਤਸਕਰਾਂ ਖਿਲਾਫ ਸਖਤ ਕਾਰਵਾਈ ਕੀਤੀ ਜਾ ਰਹੀ ਏ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ਅਜਿਹੇ ਖੇਡ ਸਮਾਗਮ ਕਰਵਾਏ ਜਾ ਰਹੇ ਨੇ ਅਤੇ ਇਸ ਦਾ ਮਕਸਦ ਨੌਜਵਾਨਾਂ ਦੀ ਖੇਡਾਂ ਵਿੱਚ ਰੁਚੀ ਵਧਾਉਣਾ ਏ। ਟੂਰਨਾਮੈਂਟ ਵਿੱਚ ਮਰਦਾਂ ਦੀਆਂ ਦਸ ਅਤੇ ਔਰਤਾਂ ਦੀਆਂ ਦੋ ਟੀਮਾਂ ਸਨ। ਪਹਿਲਾ ਇਨਾਮ 11 ਹਜ਼ਾਰ ਰੁਪਏ

ਟਰਾਫੀ, ਦੂਜਾ ਇਨਾਮ 5100 ਰੁਪਏ ਅਤੇ ਟਰਾਫੀ ਅਤੇ ਤੀਜਾ ਇਨਾਮ 3100 ਰੁਪਏ ਅਤੇ ਟਰਾਫੀ ਦਿੱਤੀ ਗਈ। ਪੁਲਿਸ ਵੱਲੋਂ ਸਾਰੇ ਭਾਗੀਦਾਰਾਂ ਨੂੰ ਪ੍ਰਮਾਣ ਪੱਤਰ ਅਤੇ ਟੀਮ ਜਰਸੀ ਨਾਲ ਨਿਵਾਜਿਆ ਗਿਆ।

-----------------------------------------------------

ਮੌਸਮ ਵਿਭਾਗ ਨੇ ਅੱਜ ਸੂਬੇ ਦੇ 12 ਜ਼ਿਲ੍ਹਿਆਂ ਵਿੱਚ ਦੋ ਦਿਨਾਂ ਤੱਕ ਮੀਂਹ ਪੈਣ, ਬਿਜਲੀ ਚਮਕਣ ਅਤੇ ਤੇਜ਼ ਹਵਾਵਾਂ ਵਗਣ ਦੀ ਚੇਤਾਵਨੀ ਸੰਬੰਧੀ ਯੈਲੋ ਅਲਰਟ ਜਾਰੀ ਕੀਤਾ ਏ। ਹਾਲਾਂਕਿ ਪਿਛਲੇ 24 ਘੰਟਿਆਂ ਵਿੱਚ ਤਾਪਮਾਨ ਵਿੱਚ 0.5 ਡਿਗਰੀ ਦਾ ਵਾਧਾ ਹੋਇਆ ਏ ਅਤੇ ਇਹ ਔਸਤ ਤਾਪਮਾਨ ਤੋਂ 4.3 ਡਿਗਰੀ ਵੱਧ ਰਿਹਾ ਏ। ਬਠਿੰਡਾ ਵਿੱਚ ਸਭ ਤੋਂ ਵੱਧ ਤਾਪਮਾਨ 40.9 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਇਸ ਨਾਲ ਲੋਕਾਂ ਨੂੰ ਹੁੰਮਸ ਭਰੀ ਗਰਮੀ ਦਾ ਸਾਹਮਣੇ ਕਰਨਾ ਪੈ ਰਿਹਾ ਏ। ਏਧਰ ਬਿਜਲੀ ਵਿਭਾਗ ਵਲੋਂ ਬਿਨਾ ਦੱਸੇ ਲਗਾਏ ਜਾ ਰਹੇ ਅਚਨਚੇਤ ਕਟਾਂ ਨਾਲ ਲੋਕਾਂ ਦੀ ਪਰੇਸ਼ਾਨੀ ਹੋਰ ਵੱਧ ਰਹੀ ਏ।